**ਪੰਜਾਬੀ ਯੂਨੀਵਰਸਿਟੀ,ਪਟਿਆਲਾ**
**(1961 ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)**
**(ਡੀਨ,ਵਿਦਿਆਰਥੀ ਭਲਾਈ)**

ਨੰ: 1018 /DSW
ਮਿਤੀ 17/06/26

ਕੋਆਰਡੀਨੇਟਰ, ਕੇਂਦਰੀ ਦਾਖ਼ਲਾ ਸੈੱਲ
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਵਿਸ਼ਾ:- ਸਪੋਰਟਸ ਕੈਟਾਗਰੀ (ਤਿੰਨ ਪ੍ਰਤੀਸ਼ਤ ਸੀਟ) ਲਈ ਇੰਟਰਵਿਊ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਕੇਂਦਰੀ ਦਾਖਲਾ ਸੈੱਲ ਵੱਲੋਂ ਜਾਰੀ ਪੱਤਰ ਨੰ: 332/CAC ਮਿਤੀ 25.05.225 ਦੇ ਹਵਾਲੇ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2026-27 ਦੌਰਾਨ ਯੂ.ਜੀ. ਕੋਰਸਾਂ ਅਤੇ ਪੰਜ ਸਾਲਾਂ ਇੰਟਗ੍ਰੇਟਿਡ ਕੋਰਸਾਂ ਵਿੱਚ ਸਪੋਰਟਸ ਕੈਟਾਗਰੀ (ਤਿੰਨ ਪ੍ਰਤੀਸ਼ਤ ਸੀਟ) ਲਈ ਵਿਦਿਆਰਥੀਆਂ ਦੀ ਇੰਟਰਵਿਊ ਮਿਤੀ 04.06.2025 ਅਤੇ 05.06.2025 ਨੂੰ ਰੱਖੀ ਗਈ ਸੀ। ਇਨ੍ਹਾਂ ਦਿਨਾਂ ਨੂੰ ਹੋਈ ਇੰਟਰਵਿਊ ਵਿਚ ਕਾਫ਼ੀ ਸਾਰੇ ਵਿਦਿਆਰਥੀਆਂ ਦੇ ਕੋਲ ਪੰਜਾਬ ਸਰਕਾਰ ਦੇ ਸਪੋਰਟਸ ਵਿਭਾਗ ਦਾ ਸਪੋਰਟਸ ਗਰੇਡੇਸ਼ਨ ਸਰਟੀਫਿਕੇਟ ਨਹੀਂ ਸੀ, ਜਿਸ ਕਾਰਨ ਸਪੋਰਟਸ ਕੈਟਾਗਰੀ ਵਿਚ ਕਾਫ਼ੀ ਵਿਭਾਗਾਂ ਦੀ ਸੀਟਾਂ ਖਾਲੀ ਰਹਿ ਗਈਆਂ ਹਨ। ਵਿਦਿਆਰਥੀਆਂ ਨੂੰ ਸਪੋਰਟਸ ਕੈਟਾਗਰੀ ਦਾ ਲਾਭ ਅਤੇ ਪੜ੍ਹਾਈ ਦਾ ਨੁਕਸ਼ਾਨ ਨਾ ਹੋਵੇ ਇਸ ਲਈ ਪ੍ਰਵਾਨਿਤ ਕਮੇਟੀ ਵਲੋਂ ਕੀਤੀ ਸਿਫ਼ਾਰਸ਼ਾਂ ਨੂੰ ਵਾਈਸ-ਚਾਂਸਲਰ ਸਾਹਿਬ ਵਲੋਂ ਪ੍ਰਵਾਨਗੀ ਦਿੱਤੀ ਹੈ ਜਿਸ ਅਨੁਸਾਰ ਜਿਹੜੇ ਵਿਦਿਆਰਥੀ ਮਿਤੀ 04.06.2026 ਅਤੇ 05.06.2026 ਨੂੰ ਇੰਟਰਵਿਊ ਲਈ ਹਾਜ਼ਰ ਹੋਏ ਸੀ ਪਰ ਉਹ ਆਪਣਾ ਸਪੋਰਟਸ ਗਰੇਡੇਸ਼ਨ ਸਰਟੀਫਿਕੇਟ ਪੇਸ਼ ਨਹੀਂ ਕਰ ਸਕੇ, ਉਨ੍ਹਾਂ ਵਿਦਿਆਰਥੀ ਦੀ ਮੁੜ ਇੰਟਰਵਿਊ ਮਿਤੀ 01.07.2026 ਨੂੰ ਸਵੇਰੇ 10:00 ਵਜੇਂ ਰੱਖੀ ਗਈ ਹੈ। ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 01.07.2026 ਹੋਣ ਵਾਲੀ ਇੰਟਰਵਿਊ ਵਿਚ ਆਪਣਾ ਸਪੋਰਟਸ ਗ੍ਰੇਡੇਸ਼ਨ ਸਰਟੀਫਿਕੇਟ ਨਾਲ ਲੈ ਕੇ ਆਉਣ।

ਮ/ਸ਼ਰਮਾ
17.06.26
ਡੀਨ, ਵਿਦਿਆਰਥੀ ਭਲਾਈ

Scanned with OKEN Scanner